ਸਭ ਹੱਕ ਰਾਖਵੇਂ ਹਨ ।

G-677

ੴ ਵਾਹਿਗੁਰੂ ਜੀ ਕੀ ਫਤਹ ॥

ਅਨਹਦ ਸਬਦ ਦਸਮ ਦੁਆਰਿ ਵਜਿਓ
ਤਹ ਅੰਮ੍ਰਿਤੁ ਨਾਮੁ ਦੁਆਇਆ ਥਾ ॥

ਅਨਹਦ ਸਬਦ-ਦਸਮ ਦੁਆਰ

ਅਨਹਦ ਸਬਦ—ਦਸਮ ਦੁਆਰ ਦੇ ਵਿਸ਼ੇ ਸਬੰਧੀ
ਖੁੱਲ੍ਹਾ ਨਿਰਣਾ ।

SARDAR DYAL SINGH (LAHORE) LIBRARY

ਰਚਿਤ
ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਪ੍ਰਕਾਸ਼ਕ
ਨਾਹਰ ਸਿੰਘ ਗਜ਼ਾਨੀ

ਪਹਿਲੀ ਵਾਰ ੫੦੦
ਅਪ੍ਰੈਲ ੧੯੪੧

ਮੁੱਲ ਵਧੀਆ ਜਿਲਦ ੧।)
ਘਟੀਆ ਜਿਲਦ ੧ =)

SINGH BROTHERS
ANARKALI (HOSPITAL ROAD) LAHORE.

294.6
ਗ ਸ੍ਰੀ ਮ
26755

"ਗਜ਼ਾਨੀ ਪ੍ਰੈਸ" ਅੰਮ੍ਰਿਤਸਰ ਵਿਚ
ਸ: ਸੰਤੋਖ ਸਿੰਘ ਪ੍ਰਿੰਟਰ ਦੇ ਯਤਨ ਨਾਲ ਛਪਿਆ।

ਮਾਰੂ ਮਹਲਾ ੫ ॥

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥ ੧ ॥ ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥ ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧ ਰਹਾਉ ॥ ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥ ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥ ੨ ॥ ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥ ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਮੁ ਪਾਇਆ ਥਾ ॥ ੩ ॥ ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥ ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥ ੪ ॥ ੩ ॥ ੧੨ ॥

ਉਥਾਨਕਾ

ਪੰਜ ਛੇ ਸਾਲ ਹੋਏ ਕਿ ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਗੁਰਮਤਿ ਵਿਚਾਰ ਦੇ ਸਿਲਸਲੇ ਵਿਚ ਏਹ ਵਿਸ਼ੇ ਭੀ ਵਿਚਾਰ ਗੋਚਰੇ ਆਉਂਦੇ ਰਹੇ ਕਿ ੧. ਜੋਗੀ ਭੀ ਅਨਹਦ ਸਬਦ,ਦਸਮ ਦੁਆਰ ਨੂੰ ਮੰਨਦੇ ਹਨ ਤੇ ਗੁਰਬਾਣੀ ਭੀ ਅਨਹਦ ਸਬਦ ਦਸਮ ਦੁਆਰ ਦਾ ਹੋਣਾ ਸਿਧ ਕਰਦੀ ਹੈ, ਪਰ ਨਾਲ ਹੀ ਸੋਰਠ ਰਾਗ ਦੇ 'ਏਦ ਪੜਿਓ ਅਰੁ ਪਾਠ ਬਿਚਾਰਿਓ' ਵਾਲੇ ਸਬਦ ਵਿਚ ਗੁਰੂ ਸਾਹਿਬ ਪੰਚਮ ਪਾਤਸ਼ਾਹ ਨੇ ਸਾਫ ਲਿਖਿਆ ਹੈ ਕਿ ਜੋਗੀਆਂ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋਈ। ਇਸ ਲਈ ਏਹ ਨਿਰਣਾ ਹੋਣਾ ਚਾਹੀਦਾ ਹੈ ਕਿ ਗੁਰਮਤਿ ਵਿਚ ਅਨਹਦ ਸਬਦ ਤੇ ਦਸਮ ਦੁਆਰ ਕਿਸ ਤਰਾਂ ਮੰਨਿਆਂ ਹੈ? ਤੇ ਜੋਗੀਆਂ ਤੇ ਗੁਰਮਤਿ ਦੇ ਅਨਹਦ ਸਬਦ ਤੇ ਦਸਮ ਦੁਆਰ ਵਿਚ ਕੀ ਫਰਕ ਹੈ? ੨. ਜਪੁਜੀ ਸਾਹਿਬ ਵਿਚ ਧਰਮਖੰਡ, ਗਿਆਨ ਖੰਡ ਸਰਮ ਖੰਡ, ਕਰਮਖੰਡ ਤੇ ਸਚਖੰਡ ਜੋ ਪੰਜਾਂ ਖੰਡਾਂ ਦਾ ਵਰਨਣ ਹੈ।' ਕੀ ਇਹ ਵਾਸਤਵੀ ਮੰਡਲ ਹਨ ਯਾ ਕਿ ਆਤਮਿਕ ਅਵਸਥਾਆਂ ਦੇ ਨਾਮ ਹਨ। ਕਈ ਵਿਦ੍ਵਾਨਾਂ ਨੇ ਇਨ੍ਹਾਂ ਨੂੰ ਅਵਸਥਾਆਂ ਹੀ ਮੰਨਿਆ ਹੈ? ੩. ਕੀ ਨਰਕ ਸੁਰਗ ਵਾਸਤਵ ਵਿਚ ਕੋਈ ਟਿਕਾਣੇ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.